| **ENGLISH** | **Punjabi** |
|---|---|
| **If your power is interrupted** | **ਜੇ ਤੁਹਾਡੇ ਘਰ ਦੀ ਬਿਜਲੀ ਵਿਚ ਵਿਘਨ ਪੈ ਜਾਏ** |
| | |
| Check that your neighbors are without electricity too and that they are all right. If they are still on, reset your trip switch, if you have one. The supply may then come back on. | ਜਾਂਚ ਕਰੋ ਕਿ ਤੁਹਾਡੇ ਗੁਆਂਢੀ ਵੀ ਬਿਨਾ ਬਿਜਲੀ ਦੇ ਹਨ ਅਤੇ ਉਹ ਠੀਕ ਠਾਕ ਹਨ। ਜੇ ਉਹਨਾ ਦੇ ਘਰ ਦੀ ਬਿਜਲੀ ਠੀਕ ਹੈ, ਤਾਂ ਜੇ ਤੁਹਾਡੇ ਘਰ ਵਿਚ ਟ੍ਰਿਪ ਸਵਿਚ ਹੈ, ਤਾਂ ਉਸਨੂੰ ਰੀਸੈਟ ਕਰੋ। ਫਿਰ ਸਪਲਾਈ ਵਾਪਸ ਆ ਸਕਦੀ ਹੈ। |
| | |
| Switch off all your electrical appliances. | ਬਿਜਲੀ ਦੇ ਆਪਣੇ ਸਾਰੇ ਉਪਕਰਣ ਬੰਦ ਕਰ ਦਿਓ। |
| | |
| Leave a light on so you know when power is restored. | ਇਕ ਲਾਈਟ ਚਾਲੂ ਰਹਿਣ ਦਿਓ, ਤਾਂ ਜੋ ਤੁਹਾਨੂੰ ਪਤਾ ਚਲ ਜਾਏ ਕਿ ਬਿਜਲੀ ਆ ਗਈ ਹੈ। |
| | |
| Keep a blanket and a hot water bottle near you. | ਆਪਣੇ ਲਾਗੇ ਇਕ ਕੰਬਲ ਅਤੇ ਗਰਮ ਪਾਣੀ ਦੀ ਬੋਤਲ ਰਖੋ। |
| | |
| Wrap up warm. | ਆਪਣੇ ਆਪ ਨੂੰ ਨਿੱਘਾ ਰਖੋ। |
| | |
| Keep one room as warm as you can and stay in it. | ਇਕ ਕਮਰੇ ਨੂੰ ਜਿੰਨਾ ਵੱਧ ਤੋਂ ਵੱਧ ਗਰਮ ਰਖ ਸਕਦੇ ਹੋ, ਗਰਮ ਰਖੋ ਅਤੇ ਇਸ ਵਿਚ ਹੀ ਰਹੋ। |
| | |
| **Customers with special needs** | **ਵਿਸ਼ੇਸ਼ ਲੋੜਾਂ ਵਾਲੇ ਗਾਹਕ** |
| | |
| Perhaps you use electricity to power medical equipment at home such as a dialysis machine, an oxygen concentrator, a ventilator or a ripple bed. | ਸ਼ਾਇਦ ਤੁਸੀਂ ਘਰ ਵਿਚ ਬਿਜਲੀ ਨਾਲ ਚਲਣ ਵਾਲੇ ਮੈਡੀਕਲ ਉਪਕਰਣ, ਜਿਵੇਂ ਕਿ ਡਾਇਲਿਸਿਸ ਮਸ਼ੀਨ, ਇਕ ਆੱਕਸੀਜਨ ਕੰਸਨਟਰੇਟਰ, ਇਕ ਵੈਂਟੀਲੇਟਰ ਜਾਂ ਇਕ ਰਿੱਪਲ ਬੈਡ ਲਈ ਬਿਜਲੀ ਦੀ ਵਰਤੋਂ ਕਰਦੇ ਹੋਵੋ। |
| | |
| If you have not already done so, call us and we will add your name to our Priority Service Register of customers with special medical needs. | ਜੇ ਤੁਸੀਂ ਪਹਿਲਾਂ ਹੀ ਇੰਜ ਨਹੀਂ ਕੀਤਾ, ਸਾਨੂੰ ਫ਼ੋਨ ਕਰੋ ਅਤੇ ਅਸੀਂ ਤੁਹਾਡਾ ਨਾਂ ਵਿਸ਼ੇਸ਼ ਡਾੱਕਟਰੀ ਲੋੜਾਂ ਵਾਲੇ ਗਾਹਕਾਂ ਦੇ ਆਪਣੇ ਤਰਜੀਹੀ ਸੇਵਾ ਰਜਿਸਟਰ ਵਿਚ ਲਿਖ ਲਵਾਂਗੇ। |
| | |
| We will do our best to restore your power as soon as possible but it is very important that you make contingency arrangements to cover any interruption in your supply. Your medical adviser should be able to help you with this. | ਅਸੀਂ ਜਿੰਨੀ ਛੇਤੀ ਹੋ ਸਕਿਆ ਤੁਹਾਡੀ ਬਿਜਲੀ ਬਹਾਲ ਕਰਨ ਦੀ ਆਪਣੇ ਵਲੋਂ ਬਿਹਤਰ ਕੋਸ਼ਿਸ਼ ਕਰਾਂਗੇ ਪਰ ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਆਪਣੀ ਸਪਲਾਈ ਵਿਚ ਕਿਸੇ ਕਿਸਮ ਦੇ ਵਿਘਨ ਤੋਂ ਬਚਣ ਲਈ ਆਰਜ਼ੀ ਪ੍ਰਬੰਧ ਕਰੋ। ਤੁਹਾਡਾ ਡਾੱਕਟਰੀ ਸਲਾਹਕਾਰ ਇਸ ਵਿਚ ਤੁਹਾਡੀ ਮਦਦ ਕਰਨ ਦੇ ਸਮਰੱਥ ਹੋਏਗਾ। |
| | |
| This leaflet can also be provided in large print, Braille and audiotape. It can also be downloaded from our website www.ce-electricuk.com | ਇਹ ਲੀਫ਼ਲੈਟ ਵੱਡੇ ਪ੍ਰਿੰਟ, ਬ੍ਰੇਲ ਅਤੇ ਆੱਡੀਓਟੇਪ ਵਿਗਾਚ ਵੀ ਉਪਲਬਧ ਕਰਾਇਆ ਜਾ ਸਕਦਾ ਹੈ। ਇਸਨੂੰ ਸਾਡੀ ਵੈਬਸਾਈਟ www.ce-electricuk.com ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ। |
| | |
| **Contacting us is simple** | **ਸਾਨੂੰ ਸੰਪਰਕ ਕਰਨਾ ਬਹੁਤ ਹੀ ਅਸਾਨ ਹੈ** |
| | |
| North East of England and North Yorkshire. | ਨਾੱਰਥ ਈਸਟ ਇੰਗਲੈਂਡ ਅਤੇ ਨਾੱਰਥ ਯਾੱਰਕਸ਼ਾਇਰ। |
| In an emergency, call: | ਇਕ ਐਮਰਜੈਂਸੀ ਵੇਲੇ, ਫ਼ੋਨ ਕਰੋ: |
| **0800 66 88 77** | **0800 66 88 77** |
| | |
| If you are hard of hearing and have a text phone, call: | ਜੇ ਤੁਸੀਂ ਉਚਾ ਸੁਣਦੇ ਹੋ ਅਤੇ ਤੁਹਾਡੇ ਕੋਲ ਟੈਕਸਟ ਫ਼ੋਨ ਹੈ, ਤਾਂ ਕਾੱਲ ਕਰੋ: |

| | |
|---|---|
| **0800 169 7602** | **0800 169 7602** |
| | |
| West, East, South Yorkshire and Northern Lincolnshire. | ਵੈਸਟ, ਈਸਟ, ਸਾਊਥ ਯਾੱਰਕਸ਼ਾਇਰ ਅਤੇ ਨਾੱਰਦਰਨ ਲਿੰਕਨਸ਼ਾਇਰ। |
| In an emergency, call: | ਇਕ ਐਮਰਜੈਂਸੀ ਵੇਲੇ, ਫ਼ੋਨ ਕਰੋ: |
| **0800 37 56 75** | **0800 37 56 75** |
| | |
| If you are hard of hearing and have a text phone, call: | ਜੇ ਤੁਸੀਂ ਉਚਾ ਸੁਣਦੇ ਹੋ ਅਤੇ ਤੁਹਾਡੇ ਕੋਲ ਟੈਕਸਟ ਫ਼ੋਨ ਹੈ, ਤਾਂ ਕਾੱਲ ਕਰੋ: |
| **0800 028 9507** | **0800 028 9507** |
| | |
| **Preparing for winter** | **ਸਰਦੀਆਂ ਲਈ ਤਿਆਰੀ ਕਰਨਾ** |
| | |
| **Hot tips for customers** | **ਗਾਹਕਾਂ ਲਈ ਅਹਿਮ ਨੁਕਤੇ** |
| | |
| **How we are preparing for winter** | **ਅਸੀਂ ਸਰਦੀਆਂ ਲਈ ਕਿਵੇਂ ਤਿਆਰੀ ਕਰ ਰਹੇ ਹਾਂ** |
| | |
| Whatever the weather this winter, at CE Electric UK we are better prepared than ever before. | ਇਹਨਾਂ ਸਰਦੀਆਂ ਵਿਚ ਮੌਸਮ ਕਿਹੋ ਜਿਹਾ ਵੀ ਹੋਵੇ, CE Electric UK ਵਿਖੇ ਅਸੀਂ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਵਧੀਆਂ ਢੰਗ ਨਾਲ ਤਿਆਰ ਹਾਂ। |
| | |
| In the last year alone we have invested more than £100 million in replacing or updating essential equipment in our efforts to secure your electricity supply. | ਸਿਰਫ਼ ਪਿਛਲੇ ਸਾਲ ਹੀ ਅਸੀਂ, ਤੁਹਾਡੀ ਬਿਜਲੀ ਦੀ ਸਪਲਾਈ ਸੁਰੱਖਿਅਤ ਕਰਨ ਦੀਆਂ ਆਪਣੀਆਂ ਕੋਸ਼ਿਸ਼ਾਂ ਵਿਚ, ਜ਼ਰੂਰੀ ਉਪਕਰਣਾਂ ਨੂੰ ਬਦਲ ਕੇ ਜਾਂ ਬਿਹਤਰ ਬਣਾ ਕੇ, £100 ਮਿਲੀਅਨ ਤੋਂ ਵੱਧ ਦੀ ਪੂੰਜੀਕਾਰੀ ਕੀਤੀ ਹੈ। |
| | |
| CE Electric UK distributes electricity to its customers in the North East of England, Yorkshire and Northern Lincolnshire through its subsidiaries, Northern Electric Distribution Limited and Yorkshire Electricity Distribution plc. We are using helicopters to check our network of overhead lines to pinpoint any areas that might need action. This includes not just repairing lines but also cutting back tree branches which might grow into them. | CE Electric UK ਆਪਣੀਆਂ ਸਹਾਇਕ ਕੰਪਨੀਆਂ Northern Electric Distribution Limited ਅਤੇ Yorkshire Electricity Distribution plc ਰਾਹੀਂ ਨਾੱਰਥ ਈਸਟ ਇੰਗਲੈਂਡ, ਯਾੱਰਕਸ਼ਾਇਰ ਅਤੇ ਨਾੱਰਦਰਨ ਲਿੰਕਨਸ਼ਾਇਰ ਵਿਚ ਆਪਣੇ ਗਾਹਕਾਂ ਲਈ ਬਿਜਲੀ ਵੰਡਦੀ ਹੈ। ਅਸੀਂ ਉਹਨਾਂ ਖੇਤਰਾਂ ਦੀ ਸ਼ਨਾਖ਼ਤ ਲਈ, ਜਿਹਨਾਂ ਲਈ ਕਾਰਵਾਈ ਦੀ ਲੋੜ ਹੋ ਸਕਦੀ ਹੈ, ਉਪਰ ਦੀਆਂ ਤਾਰਾਂ ਦੇ ਆਪਣੇ ਸਿਲਸਿਲੇ ਦੀ ਜਾਂਚ ਲਈ ਹੈਲੀਕਾਪਟਰਾਂ ਦੀ ਵਰਤੋਂ ਕਰ ਰਹੇ ਹਾਂ। ਇਸ ਵਿਚ ਸਿਰਫ਼ ਲਾਈਨਾਂ ਦੀ ਮੁਰੰਮਤ ਹੀ ਸ਼ਾਮਿਲ ਨਹੀਂ ਹੈ, ਬਲਕਿ ਦਰਖ਼ਤਾਂ ਦੇ ਟਾਹਣਾਂ ਨੂੰ ਵੀ ਕੱਟਣਾ ਹੈ, ਜੋ ਉਹਨਾਂ ਤੱਕ ਪਹੁੰਚਦੇ ਹਨ। |
| | |
| We have the latest technology to locate potential problems and to restore power as quickly as possible. | ਸਾਡੇ ਕੋਲ ਸੰਭਵ ਸਮਸਿਆਵਾਂ ਦਾ ਪਤਾ ਲਾਉਣ ਅਤੇ ਜਿੰਨੀ ਛੇਤੀ ਸੰਭਵ ਹੋ ਸਕੇ ਬਿਜਲੀ ਬਹਾਲ ਕਰਨ ਲਈ ਆਧੁਨਿਕ ਤਕਨਾਲੱਜੀ ਹੈ। |
| | |
| Our customer call centre is open 24 hours a day 365 days a year. Staffs include not just call handlers but controllers who mobilize support, such as our Rapid Response Team of engineers, when and where required. | ਸਾਡਾ ਗਾਹਕ ਕਾੱਲ ਸੈਂਟਰ, ਸਾਲ ਵਿਚ 365 ਦਿਨ, ਦਿਨ ਵਿਚ 24 ਘੰਟੇ ਖੁੱਲ੍ਹਾ ਹੈ। ਸਟਾਫ਼ ਵਿਚ ਸਿਰਫ਼ ਕਾੱਲਾਂ ਨਾਲ ਨਜਿੱਠਣ ਵਾਲੇ ਨਹੀਂ ਹਨ, ਬਲਕਿ ਕੰਟਰੋਲ ਕਰਨ ਵਾਲੇ ਵੀ ਹਨ, ਜੋ ਸਹਾਇਤਾ ਦਿੰਦੇ ਹਨ, ਜਿਵੇਂ ਕਿ ਸਾਡੀ ਜਦੋਂ ਅਤੇ ਜਿਥੇ ਲੋੜ ਹੈ, ਵਾਲੀ ਇੰਜੀਨਿਅਰਾਂ ਦੀ, ਤੇਜ਼ੀ ਨਾਲ ਪ੍ਰਤੀਕਰਮ ਦੇਣ ਵਾਲੀ ਟੀਮ [Rapid Response Team]। |
| | |
| Despite all our efforts, severe weather can still cause power interruptions. Sometimes these are planned, in which case we'll do our best to give you advance notice. | ਸਾਡੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ, ਖ਼ਰਾਬ ਮੌਸਮ ਨਾਲ ਬਿਜਲੀ ਵਿਚ ਹਾਲੀਂ ਵੀ ਵਿਘਨ ਪੈ ਸਕਦਾ ਹੈ। ਕਈ ਵਾਰੀ ਇਹਨਾਂ ਲਈ ਯੋਜਨਾ ਬਣਾਈ ਜਾਂਦੀ ਹੈ, ਜਿਸ ਵਿਚ ਅਸੀਂ ਤੁਹਾਨੂੰ ਅਗਾਊਂ ਨੋਟਿਸ ਦੇਣ ਲਈ ਆਪਣੀ ਬਿਹਤਰੀਨ ਕੋਸ਼ਿਸ਼ ਕਰਾਂਗੇ। |
| | |
| In case your power is interrupted, here are | ਜੇ ਤੁਹਾਡੀ ਬਿਜਲੀ ਵਿਚ ਵਿਘਨ ਪੈਂਦਾ ਹੈ, ਤਾਂ ਇਥੇ ਇਹ ਯਕੀਨੀ |

| | |
|---|---|
| some hot tips to make sure you keep warm and have everything you need. | ਬਣਾਉਣ ਲਈ ਕੁਝ ਚੰਗੇ ਨੁਕਤੇ ਦਿਤੇ ਗਏ ਹਨ, ਜਿਹਨਾਂ ਨਾਲ ਤੁਹਾਨੂੰ ਨਿੱਘ ਅਤੇ ਉਹ ਸਭ ਕੁਝ ਮਿਲ ਸਕਦਾ ਹੈ, ਜਿਸਦੀ ਤੁਹਾਨੂੰ ਲੋੜ ਹੈ। |
| | |
| **What you should consider** | **ਤੁਹਾਨੂੰ ਕਿਸ ਬਾਰੇ ਵਿਚਾਰ ਕਰਨਾ ਚਾਹੀਦਾ ਹੈ** |
| Knowledge may not literally be power in these circumstances but it is still vital. | ਹੋ ਸਕਦਾ ਹੈ, ਇਹਨਾਂ ਸਥਿਤੀਆਂ ਵਿਚ ਇਹ ਜਾਣਕਾਰੀ ਬਿਜਲੀ ਬਾਰੇ ਨਾ ਹੋਵੇ, ਪਰ ਇਹ ਹਾਲੀਂ ਵੀ ਅਹਿਮ ਹੈ। |
| | |
| To avoid being caught unawares, ask yourself: | ਅਚਨਚੇਤ ਆਉਣ ਵਾਲੀ ਪਰੇਸ਼ਾਨੀ ਤੋਂ ਬਚਣ ਲਈ, ਆਪਣੇ ਆਪ ਨੂੰ ਪੁੱਛੋ: |
| | |
| Is the boiler for your central heating system powered by electricity? If so, it won't work. | ਕੀ ਤੁਹਾਡਾ ਨਿੱਘ ਦੇਣ ਵਾਲਾ ਸੈਂਟਰਲ ਹੀਟਿੰਗ ਸਿਲਸਿਲੇ ਵਾਲਾ ਬਾੱਇਲਰ ਬਿਜਲੀ ਨਾਲ ਚਲ ਚਿਹਾ ਹੈ? ਜੇ ਇੰਜ ਹੈ, ਤਾਂ ਇਹ ਕੰਮ ਨਹੀਂ ਕਰੇਗਾ। |
| | |
| Will your gas oven or gas hob work without electricity? | ਕੀ ਤੁਹਾਡਾ ਗੈਸ ਓਵਨ ਜਾਂ ਗੈਸ ਹੋਬ, ਬਿਜਲੀ ਦੇ ਬਿਨਾ ਕੰਮ ਕਰਨਗੇ? |
| | |
| Do you have a cordless phone? If so, it won't work. | ਕੀ ਤੁਹਾਡੇ ਕੋਲ ਇਕ ਕਾੱਰਡਲੈਸ (ਬਿਨਾ ਤਾਰ ਵਾਲਾ) ਫ਼ੋਨ ਹੈ? ਜੇ ਹਾਂ, ਤਾਂ ਇਹ ਕੰਮ ਨਹੀਂ ਕਰੇਗਾ। |
| | |
| If you have a plug-in phone, will it take batteries? | ਕੀ ਤੁਹਾਡੇ ਕੋਲ ਪਲੱਗ ਵਾਲਾ ਫ਼ੋਨ ਹੈ, ਕੀ ਇਹ ਬੈਟਰੀ ਨਾਲ ਚਲੇਗਾ? |
| | |
| Does your fire alarm or emergency lighting system have battery back-up? If you don't know, ask your installer. | ਕੀ ਤੁਹਾਡੇ ਅੱਗ ਦੇ ਅਲਾਰਮ ਜਾਂ ਐਮਰਜੈਂਸੀ ਲਾਈਟਿੰਗ ਸਿਲਸਿਲੇ ਬੈਟਰੀ ਨਾਲ ਚਲ ਸਕਦੇ ਹਨ? ਜੇ ਤੁਹਾਨੂੰ ਪਤਾ ਨਹੀਂ ਹੈ, ਤਾਂ ਆਪਣੇ ਇੰਸਟਾਲਰ (ਇਹਨਾਂ ਨੂੰ ਲਾਉਣ ਵਾਲੇ) ਨੂੰ ਪੁੱਛੋ। |
| | |
| Should you consider buying a portable heater or a gas lamp? If you do, remember to use them safely. | ਕੀ ਤੁਸੀਂ ਕਿਸੇ ਥਾਂ ਤੋਂ ਲਿਆਉਣ/ਲਿਜਾਣ ਵਾਲੇ ਇਕ ਹੀਟਰ ਜਾਂ ਇਕ ਗੈਸ ਵਾਲੇ ਲੈਂਪ ਨੂੰ ਖ਼ਰੀਦਣ ਬਾਰੇ ਵਿਚਾਰ ਕਰ ਰਹੇ ਹੋ? ਜੇ ਤੁਸੀਂ ਇਹ ਕਰ ਰਹੇ ਹੋ, ਤਾਂ ਇਹਨਾਂ ਨੂੰ ਸੁਰੱਖਿਅਤ ਤਰੀਕੇ ਨਾਲ ਵਰਤਣਾ ਯਾਦ ਰੱਖੋ। |
| | |
| Have you got a torch? | ਕੀ ਤੁਹਾਡੇ ਕੋਲ ਇਕ ਟਾੱਰਚ ਹੈ? |
| | |
| Once you know the answers to these questions, you can make a plan to see you through. | ਇਕ ਵਾਰੀ ਇਹਨਾਂ ਸੁਆਲਾਂ ਦਾ ਜੁਆਬ ਜਾਣਨ ਮਗਰੋਂ, ਤੁਸੀਂ ਇਸ ਹਾਲਤ ਨਾਲ ਨਜਿੱਠਣ ਲਈ ਇਕ ਯੋਜਨਾ ਬਣਾ ਸਕਦੇ ਹੋ। |
| | |
| **How you should prepare** | **ਤੁਹਾਨੂੰ ਕਿਵੇਂ ਤਿਆਰ ਹੋਣਾ ਚਾਹੀਦਾ ਹੈ** |
| If you hear your power will definitely be interrupted: | ਜੇ ਤੁਹਾਨੂੰ ਪਤਾ ਲਗਦਾ ਹੈ ਕਿ ਤੁਹਾਡੀ ਬਿਜਲੀ ਵਿਚ ਪੱਕਾ ਵਿਘਨ ਪਏਗਾ: |
| | |
| Tune in your battery-powered radio to your local station. | ਆਪਣੇ ਬੈਟਰੀ ਨਾਲ ਚੱਲਣ ਵਾਲੇ ਰੇਡੀਓ ਨੂੰ ਆਪਣੇ ਸਥਾਨਕ ਸਟੇਸ਼ਨ 'ਤੇ ਲਾ ਕੇ ਰੱਖੋ। |
| | |
| Keep your torch handy – it's much safer than candles. | ਆਪਣੀ ਟਾੱਰਚ ਨੂੰ ਲਾਗੇ-ਚਾਗੇ ਰੱਖੋ – ਇਹ ਮੋਮਬੱਤੀਆਂ ਤੋਂ ਵੱਧ ਸੁਰੱਖਿਅਤ ਹੈ। |
| | |
| Recharge your mobile phone, if you have one. | ਆਪਣੇ ਮੋਬਾਈਲ ਫ਼ੋਨ, ਜੇ ਤੁਹਾਡੇ ਕੋਲ ਕੋਈ ਹੈ ਤਾਂ, ਚਾਰਜ ਕਰਕੇ ਰੱਖੋ। |
| | |
| Fill a vacuum flask and a hot water bottle. | ਇਕ ਥਰਮਸ ਅਤੇ ਇਕ ਗਰਮ ਪਾਣੀ ਦੀ ਬੋਤਲ ਨੂੰ ਭਰੋ। |
| | |
| Have a hot meal. | ਗਰਮ-ਗਰਮ ਖਾਣਾ ਖਾਓ। |

| | |
|---|---|
| Back-up any computer work you are doing. | ਕੰਪਿਊਟਰ ‘ਤੇ ਜਿਹੜਾ ਕੰਮ ਤੁਸੀਂ ਕਰ ਰਹੇ ਹੋ, ਉਸਦਾ ਬੈਕ-ਅੱਪ ਲਓ। |
| | |
| If you have a stair lift, avoid using it. Keep a battery-powered telephone on each floor of your home so you can call someone if you need help. | ਜੇ ਤੁਹਾਡੀ ਪੌੜੀਆਂ ਵਾਲੀ ਲਿਫ਼ਟ ਹੈ, ਤਾਂ ਇਸਨੂੰ ਵਰਤਣ ਤੋਂ ਗੁਰੇਜ਼ ਕਰੋ। ਆਪਣੇ ਘਰ ਦੀ ਹਰ ਮੰਜ਼ਿਲ ‘ਤੇ ਬੈਟਰੀ ਨਾਲ ਚਲਣ ਵਾਲਾ ਇਕ ਟੈਲੀਫ਼ੋਨ ਰੱਖੋ, ਤਾਂ ਕਿ ਜੇ ਤੁਹਾਨੂੰ ਮਦਦ ਦੀ ਜ਼ਰੂਰਤ ਹੋਵੇ, ਤਾਂ ਤੁਸੀਂ ਕਿਸੇ ਨੂੰ ਬੁਲਾ ਸਕੋ। |